ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ

ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ, ਫੇਜ-8, ਐਸ.ਏ.ਐਸ. ਨਗਰ

(ਸਪੋਰਟਸ ਸਾਖਾ)

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ ਸਿ/ਐਲੀ.ਸਿ),
ਪੰਜਾਬ।

ਈ ਫਾਈਲ ਨੰਬਰ-718971/ਸਪੋਰਟਸ/2024152677

ਮਿਤੀ- 28-6-2024

ਵਿਸ਼ਾ: EDS-52 Scheme ਅਧੀਨ ਖੇਡ ਗਰਾਊਂਡ ਤਿਆਰ ਕਰਨ ਲਈ ਸਕੂਲਾਂ ਤੋਂ ਡਿਮਾਂਡ ਲੈਣ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਪਿਛਲੇ ਸਾਲ ਦੌਰਾਨ ਸਮੂਹ ਸਕੂਲਾਂ ਤੋਂ ਖੇਡ ਗਰਾਊਂਡ ਤਿਆਰ ਕਰਨ ਸਬੰਧੀ ਡਿਮਾਂਡ ਮੰਗੀ ਗਈ ਸੀ। ਜਿਕਰਯੋਗ ਹੈ ਕਿ ਕਈ ਵਾਰ ਸਕੂਲਾਂ ਵਿੱਚ ਸਮੇ-ਸਮੇਂ ਤੇ ਖੇਡ ਗਰਾਊਂਡ ਤਿਆਰ ਕਰਨ ਦੀ ਡਿਮਾਂਡ ਵਿੱਚ ਬਦਲਾਅ ਕਰਨ ਲਈ ਲਿਖਿਆ ਜਾਦਾ ਹੈ ਭਾਵ ਕਈ ਸਕੂਲਾਂ ਵਿੱਚ ਸਿਵਲ ਵਰਕਸ ਅਧੀਨ ਕਮਰੇ ਬਣਨ ਕਰਕੇ ਉਸ ਖੇਡ ਗਰਾਊਂਡ ਲਈ ਜਗ੍ਹਾ ਨਹੀਂ ਬਚਦੀ। ਇਸੇ ਤਰ੍ਹਾਂ ਕਈ ਸਕੂਲ ਮੁਖੀਆਂ ਵਲੋਂ ਕਿਸੇ ਹੋਰ ਸਰੋਤ ਰਾਹੀਂ ਵੀ ਖੇਡ ਗਰਾਊਂਡ ਤਿਆਰ ਕਰਵਾ ਲਏ ਜਾਂਦੇ ਹਨ।

ਇਸ ਲਈ ਸਮੂਹ ਸਕੂਲਾਂ ਤੋਂ ਪਿਛਲੇ ਸਾਲ ਖੇਡ ਗਰਾਊਂਡ ਤਿਆਰ ਕਰਨ ਸਬੰਧੀ ਡਿਮਾਂਡ ਨੂੰ ਅਪਡੇਟ ਕਰਵਾ ਲਿਆ ਜਾਵੇ ਭਾਵ ਜੇਕਰ ਪਹਿਲਾਂ ਭੇਜੀ ਮੰਗ ਵਿੱਚ ਕੋਈ ਘਾਟਾ-ਵਾਧਾ ਕਰਨਾ ਹੈ ਤਾਂ ਕਰ ਲਿਆ ਜਾਵੇ। ਇਸਤੋਂ ਇਲਾਵਾ ਜੇਕਰ ਕਿਸੇ ਹੋਰ ਸਕੂਲ ਵਲੋਂ ਵੀ ਖੇਡ ਗਰਾਊਂਡ ਤਿਆਰ ਕਰਨ ਲਈ ਨਵੀਂ ਡਿਮਾਂਡ ਕੀਤੀ ਜਾਂਦੀ ਹੈ ਤਾਂ ਉਸਨੂੰ ਵੀ ਸ਼ਾਮਲ ਕਰ ਲਿਆ ਜਾਵੇ। ਪਰੰਤੂ ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਜਿਸ ਖੇਡ ਲਈ ਗਰਾਊਂਡ ਤਿਆਰ ਕਰਨ ਲਈ ਡਿਮਾਂਡ ਕੀਤੀ ਜਾ ਰਹੀ ਹੈ ਉਹ ਜਮੀਨ ਸਕੂਲ ਦੇ ਨਾਮ ਤੇ ਹੋਵੇ ਅਤੇ ਸਬੰਧਤ ਖੇਡ ਗਰਾਊਂਡ ਤਿਆਰ ਕਰਨ ਲਈ ਗਰਾਊਂਡ ਦੀ ਪੈਮਾਇਸ਼ ਅਨੁਸਾਰ ਜਗ੍ਹਾ ਉਪਲੱਬਧ ਹੋਵੇ। ਇਸ ਦੀ ਮੁਕੰਮਲ ਜਿੰਮੇਵਾਰੀ ਸਬੰਧਤ ਸਕੂਲ ਮੁਖੀ ਦੀ ਹੋਵੇਗੀ।

ਨੋਟ- ਸੂਚਨਾ ਵਿਭਾਗ ਵਲੋਂ ਭੇਜੀ ਜਾ ਰਹੀ ExcelSheet ਵਿੱਚ ਕੇਵਲ ਅੰਗਰੇਜ਼ੀ Font ਵਿੱਚ ਨਿਰਧਾਰਤ ਪ੍ਰੋਫਾਰਮੇ ਵਿੱਚ ਭਰੀ ਜਾਵੇ ਅਤੇ ਕੋਈ ਵੀ ਕਾਲਮ ਘਟਾਇਆ ਵਧਾਇਆ ਨਾ ਜਾਵੇ। ਇਸ ਤਰ੍ਹਾਂ ਕਰਨ ਨਾਲ ਮੁੱਖ ਦਫਤਰ ਵਿਖੇ ਸੂਚਨਾ ਕੰਪਾਇਲ ਕਰਦੇ ਸਮੇਂ ਮੁਸ਼ਕਿਲ ਆਉਂਦੀ ਹੈ।

ਨੱਥੀ/- ਸਕੂਲਾਂ ਵਲੋਂ ਭੇਜੀ ਡਿਮਾਂਡ ਦੀ ExcelSheet

ਡਿਪਟੀ ਡਾਇਰੈਕਟਰ (ਫਿਜੀਕਲ ਐਜੂਕੇਸਨ)

ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ,ਸਿੱ) ਬਠਿੰਡਾ

ਪੱਤਰ ਨੰ :- ਜਿਲ੍ਹਾ ਖੇਡ ਕੋਆਰਡੀਨੇਟਰ ਬਠਿੰਡਾ/ 2024/66 ਮਿਤੀ :- 03-07-2024

ਉਪਰੋਕਤ ਨੱਥੀ ਵਿਸ਼ੇ ਦੇ ਸੰਬੰਧ ਵਿੱਚ ਜਿਲ੍ਹਾ ਬਠਿੰਡਾ ਸਕੂਲਾਂ ਦੇ ਨੱਥੀ ਐਕਸਲ ਸੀਟ ਅਨੁਸਾਰ ਪ੍ਰਿੰਸੀਪਲ/ ਸਰੀਰਿਕ ਸਿੱਖਿਆ ਅਧਿਆਪਕਾਂ ਨੂੰ ਲਿਖਿਆ ਜਾਂਦਾ ਹੈ ਕਿ ਜੇਕਰ ਸਕੂਲਾਂ ਵੱਲੋ ਖੇਡ ਮੈਦਾਨਾਂ ਅਤੇ ਖੇਡ ਸਮਾਨ ਸੰਬੰਧੀ 2023-24 ਵਿੱਚ ਭੇਜੀ ਐਕਸਲ ਸੀਟ ਵਿੱਚ ਕੋਈ ਤਬਦੀਲੀ ਕਰਨਾ ਚਾਹੁੰਦੇ ਹਨ ਤਾਂ ਇਸ ਸੰਬੰਧੀ ਸਕੂਲ ਲੈਟਰ ਹੈਡ ਤੇ ਨੱਥੀ ਕਾਲਮ ਅਨੁਸਾਰ ਸੋਧ ਕਰਨ ਉਪਰੰਤ ਉਕਤ ਦਫਤਰ ਦੇ ਕਮਰਾ ਨੰ 448 ਵਿਖੇ ਮਿਤੀ 05-07-2024 ਤੱਕ ਦਸਤੀ ਜਮ੍ਹਾ ਕਰਵਾਈ ਜਾਵੇ ਅਤੇ ਐਕਸਲ ਸ਼ੀਟ ਵਿੱਚ ਦਰੁਸਤੀ ਦਫਤਰ ਵਿਖੇ ਹੀ ਕੀਤੀ ਜਾਵੇਗੀ ।

ਐਕਸਲ ਸੀਟ ਵਿੱਚ ਜਿਲ੍ਹਾ ਬਠਿੰਡਾ ਦੇ ਸਕੂਲਾਂ ਦੇ ਨਾਮ ਲਿਸਟ ਲੜੀ ਨੰ 247 ਤੋ 475 ਤੱਕ ਦਰਜ ਹੈ ।

ਜਿਲ੍ਹਾ ਖੇਡ ਕੋਆਰਡੀਨੇਟਰ
ਜਿਲ੍ਹਾ ਸਪੋਰਟਸ ਕੋਆਰਡੀਨੇਟਰ
ਬਠਿੰਡਾ।
ਬਠਿੰਡਾ 03/07/24

Scanned with OKEN Scanner